# ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਖੇਤੀਬਾੜੀ ਸਲਾਹ ਅਤੇ ਅਚਨਚੇਤੀ ਫ਼ਸਲ ਯੋਜਨਾ ਬੰਦੀ

## ਅ) ਖੇਤੀ ਸਲਾਹ

| ਸਿਰਲੇਖ | ਖੇਤੀ ਸਲਾਹ | ਖੇਤੀ ਮਾਹਿਰਾਂ ਦੇ ਨਾਂ ਅਤੇ ਸੰਪਰਕ ਨੰ: |
|---|---|---|
| ਖੇਤਾਂ ਵਿੱਚੋਂ ਪਾਣੀ ਦੀ ਨਿਕਾਸੀ | • ਫ਼ਸਲਾਂ ਦੀਆਂ ਜੜ੍ਹਾਂ ਨੂੰ ਹਵਾ ਲੱਗਣ ਲਈ ਵਾਧੂ ਖੜ੍ਹੇ ਪਾਣੀ ਨੂੰ ਖਾਲਾਂ, ਵੱਡੇ ਨਾਲੀਆਂ ਅਤੇ ਪੰਪਿੰਗ ਸੈੱਟਾਂ ਦੀ ਵਰਤੋਂ ਨਾਲ ਕੱਢਿਆ ਜਾਵੇ।<br>• ਖੁੱਲ੍ਹੇ ਖੇਤ ਵਿੱਚ ਢੁਕਵੇਂ ਸਥਾਨਾਂ ਤੇ ਵੱਟਾਂ ਬਣਾਓ ਤਾਂ ਜੋ ਖੇਤ ਵਿੱਚ ਪਾਣੀ ਦਾ ਵਹਾਅ ਆਸਾਨ ਹੋ ਸਕੇ।<br>• ਪਾਣੀ ਦੇ ਆਸਾਨ ਵਹਾਅ ਲਈ ਖੇਤਾਂ ਦੇ ਨਿਕਾਸੀ ਬਿੰਦੂਆਂ ਨੂੰ ਸਾਫ ਕਰੋ। | ਡਾ. ਜੇ.ਪੀ ਸਿੰਘ (98728-83963) |
| ਝੋਨਾਂ ਅਤੇ ਬਾਸਮਤੀ | • ਜੇਕਰ ਨਾਈਟ੍ਰਜਨ ਦੀ ਘਾਟ ਝੋਨੇ ਅਤੇ ਬਾਸਮਤੀ ਦੀ ਫ਼ਸਲ ਵਿੱਚ ਨਜ਼ਰ ਆਵੇ ਤਾਂ 3% ਯੂਰੀਆ ਦੀ ਸਪਰੇਅ ਕਰੋ।<br>• ਝੋਨੇ ਵਿੱਚ ਫੋਕ ਘਟਾਉਣ ਲਈ ਜਦੋਂ ਝੋਨਾ ਗੋਭ ਵਿੱਚ ਹੋਵੇ ਤਾਂ 1.5% ਪੋਟਾਸ਼ੀਅਮ ਨਾਈਟ੍ਰੇਟ (3 ਕਿਲੋ ਪੋਟਾਸ਼ੀਅਮ ਨਾਈਟ੍ਰੇਟ 200 ਲਿਟਰ ਪਾਣੀ ਵਿੱਚ ਪ੍ਰਤੀ ਏਕੜ) ਦਾ ਛਿੜਕਾਅ ਕਰੋ।<br>• ਝੋਨੇ ਦੀ ਫ਼ਸਲ ਵਿੱਚ ਮੌਜੂਦਾ ਮੌਸਮ ਨਾਲ ਝੂਠੀ ਕਾਂਗਿਆਰੀ ਵੱਧ ਸਕਦੀ ਹੈ। ਇਸ ਦੀ ਰੋਕਥਾਮ 500 ਗ੍ਰਾਮ ਕੋਸਾਈਡ 46 ਡੀ ਐਫ ਦੀ ਪਹਿਲੀ ਸਪਰੇ ਜਦੋਂ ਝੋਨਾ ਗੋਭ ਵਿੱਚ ਹੋਵੇ ਅਤੇ ਦੂਜੀ ਸਪਰੇਅ, 400 ਮਿਲੀਲਿਟਰ ਗਲੀਲਿਓ ਵੇਅ 18.76 ਐਸ ਸੀ 10-15 ਦਿਨ੍ਹਾਂ ਬਾਅਦ 200 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ।<br>• ਜ਼ਿੰਕ (Zn) ਦੀ ਘਾਟ ਆਉਣ ਤੇ 0.5% ਜ਼ਿੰਕ ਸਲਫੇਟ (21%) ਦੇ ਲਗਾਤਾਰ ਛਿੜਕਾਅ ਕਰੋ | ਡਾ. ਜੇ ਐਸ ਲੋਰੇ (6284108737)<br><br>ਡਾ. ਬੂਟਾ ਸਿੰਘ (8146100360) |
| ਮੱਕੀ | • ਮੱਕੀ ਦੀ ਫ਼ਸਲ ਨੂੰ ਖੜ੍ਹੇ ਪਾਣੀ ਤੋਂ ਬਚਾਉਣ ਲਈ ਖੇਤ ਦੇ ਨੀਵੇਂ ਪਾਸੇ ਵੱਲ ਇੱਕ ਲੋੜੀਂਦੀ ਨਿਕਾਸ ਨਾਲੀ ਬਣਾ ਲਓ ਜਿਸ ਰਾਹੀਂ ਵਾਧੂ ਪਾਣੀ ਬਾਹਰ ਕੱਢਿਆ ਜਾ ਸਕੇ।<br>• ਜੇਕਰ ਜ਼ਿਆਦਾ ਪਾਣੀ ਨਾਲ ਨੁਕਸਾਨ ਹੋ ਜਾਵੇ ਤਾਂ 6 ਕਿਲੋ ਯੂਰੀਆ 200 ਲਿਟਰ ਪਾਣੀ (3 ਪ੍ਰਤੀਸ਼ਤ) ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫ਼ਤੇ ਦੇ ਵਕਫੇ ਤੇ ਦੋ ਵਾਰ ਛਿੜਕਾਅ ਕਰੋ। ਜੇਕਰ ਨੁਕਸਾਨ ਦਰਮਿਆਨੇ ਤੋਂ ਭਾਰੀ ਹੋ ਜਾਵੇ ਤਾਂ ਫ਼ਸਲ ਵਿੱਚੋਂ ਪਾਣੀ ਕੱਢਣ ਮਗਰੋਂ 12-24 ਕਿਲੋ ਨਾਈਟ੍ਰੋਜਨ (25-50 ਕਿਲੋ ਯੂਰੀਆ) ਪ੍ਰਤੀ ਏਕੜ ਹੋਰ ਪਾਓ।<br>• ਜ਼ਿਆਦਾ ਮੀਂਹ ਅਤੇ ਪਾਣੀ ਦਾ ਖੜਨਾ ਟਾਂਡੇ ਗਲਣ ਦੀ ਬਿਮਾਰੀ ਨੂੰ ਵੀ ਵਧਾਉਂਦਾ ਹੈ, ਇਸ ਲਈ ਪਾਣੀ ਦਾ ਨਿਕਾਸ ਠੀਕ ਰੱਖੋ। ਖੇਤ ਦਾ ਲਗਾਤਾਰ ਸਰਵੇਖਣ ਕਰਨ ਦੀ ਲੋੜ ਹੈ, ਜਦੋਂ ਵੀ ਇਹ ਬਿਮਾਰੀ 1-2 ਬੂਟਿਆਂ ਤੇ ਨਜ਼ਰ ਆਵੇ ਤਾਂ ਉਹ ਪੌਦਿਆਂ ਦੇ ਮੁੱਢਾਂ ਨੂੰ ਨਸ਼ਟ ਕਰ ਦਿਓ। | ਡਾ. ਐਸ ਕੇ ਸੰਧੂ (8146238432)<br><br>ਡਾ. ਜਵਾਲਾ ਜਿੰਦਲ (8146238432) |
| ਮੂੰਗਫਲੀ ਅਤੇ ਤਿਲ | • ਮੂੰਗਫਲੀ ਅਤੇ ਤਿਲਾਂ ਦੀ ਫ਼ਸਲ ਦੀਆਂ ਜੜ੍ਹਾਂ ਵਿਚ ਖੜਾ ਪਾਣੀ ਕੱਢ ਦਿਓ। ਭਾਰੀ ਬਾਰਸ਼ ਕਰਕੇ ਪੀਲੇਪਨ ਦੀ ਸਮੱਸਿਆ ਤੋਂ ਪ੍ਰਭਾਵਤ ਫ਼ਸਲਾਂ ਨੂੰ ਯੂਰੀਏ ਦੀ 2 ਪ੍ਰਤੀਸ਼ੱਤ ਜਾਂ ਪੋਟਾਸ਼ੀਅਮ ਨਾਈਟ੍ਰੇਟ ਦੀ 1 ਪ੍ਰਤੀਸ਼ੱਤ ਦਾ ਛਿੜਕਾਅ ਕਰ ਸਕਦੇ ਹਾਂ। | ਡਾ. ਗੁਰਪ੍ਰੀਤ ਕੌਰ (9814907951)<br>ਡਾ. ਅਮਨਪ੍ਰੀਤ ਕੌਰ (8146900557) |
| ਚ੍ਹਰੀ ਅਤੇ ਬਾਜਰਾ | • ਚ੍ਹਰੀ ਅਤੇ ਬਾਜਰਾ ਜੋ ਵੀ ਖੇਤ ਵਿਚ ਖੜਾ ਹੈ ਉਸ ਤੇ ਕੋਈ ਬਿਮਾਰੀ ਜਾਂ ਕੀੜੇ ਦੇ ਹਮਲੇ ਦਾ ਡਰ ਨਹੀਂ। ਪਰ ਜੇ ਫ਼ਸਲ ਪੀਲੀ ਪੈਂਦੀ ਹੈ ਤਾਂ 300 ਗ੍ਰਾਮ ਯੂਰੀਆ ਪ੍ਰਤੀ ਢੋਲੀ (3 ਪ੍ਰਤੀਸ਼ਤ) ਦਾ ਛਿੜਕਾਅ ਕਰ ਸਕਦੇ ਹਾਂ। | ਡਾ. ਆਰ ਐਸ ਸੋਹੂ (9876743898)<br>ਡਾ. ਦਵਿੰਦਰ ਪਾਲ (9876375167) |
| ਨਰਮਾ-ਕਪਾਹ | • ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ ਇਹਨਾਂ ਬੂਟਿਆਂ ਉਪਰ ਕੋਬਾਲਟ ਕਲੋਰਾਈਡ 10 ਮਿਲੀ ਗਰਾਮ ਪ੍ਰਤੀ ਲਿਟਰ ਪਾਣੀ ਵਿੱਚ | ਡਾ. ਕੁਲਬੀਰ ਸਿੰਘ (9417783052) |

| | | |
|---|---|---|
| | ਘੋਲ ਕੇ ਸਪਰੇਅ ਕਰੋ।<br>• ਪੋਟਾਸ਼ੀਅਮ ਨਾਈਟਰੇਟ (13:0:45) ਦੇ 2 ਪ੍ਰਤੀਸ਼ਤ ਘੋਲ ਦੇ ਇੱਕ ਹਫ਼ਤੇ ਦੇ ਵਕਫ਼ੇ ਤੇ 4 ਛਿੜਕਾਅ ਕਰੋ।<br>• ਗੁਲਾਬੀ ਸੁੰਡੀ ਦੇ ਲਈ ਖੇਤਾਂ ਦਾ ਲਗਾਤਾਰ ਮੁਆਇੰਨਾ ਕਰਦੇ ਰਹੋ। ਜੇ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਤਾਂ ਕੀਟਨਾਸ਼ਕਾਂ ਦੀ ਵਰਤੋਂ ਕਰੋ।<br>• ਇਸੇ ਤਰ੍ਹਾਂ ਚਿੱਟੀ ਮੱਖੀ ਅਤੇ ਹਰੇ ਤੇਲੇ ਦੇ ਲਈ ਲਗਾਤਾਰ ਮੁਆਇੰਨਾ ਕਰਦੇ ਰਹੋ।15 ਸਤੰਬਰ ਤੋਂ ਪਹਿਲਾਂ ਸਿੰਥੈਟਿਕ ਪਰਿਥਰਾਇਡ ਦੀ ਵਰਤੋਂ ਨਾ ਕਰੋ।<br>• ਪੱਤਿਆਂ ਤੇ ਉੱਲੀਆਂ ਦੇ ਧੱਬਿਆਂ ਦੀਆਂ ਨਿਸ਼ਾਨੀਆਂ ਨਜ਼ਰਆਉਣ ਤੇ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ.ਸੀ (ਐਜ਼ੋਕਸੀਸਟਰੋਬਿਨ + ਡਾਈਫੈਨੋਕੋਨਾਜ਼ੋਲ) 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਲੋੜ ਪੈਣ ਤੇ 15-20 ਦਿਨਾਂ ਦੇ ਵਕਫ਼ੇ ਤੇ ਇਹ ਛਿੜਕਾਅ ਦੁਹਰਾਓ।<br>• ਨਰਮੇ ਵਿੱਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ ਦੇ ਦੋ ਸਪਰੇਅ 15 ਦਿਨਾਂ ਦੇ ਵਕਫੇ ਤੇ ਫੁੱਲਡੋਡੀ ਪੈਣ ਅਤੇ ਟੀਂਡੇ ਬਣਨ ਵੇਲੇ ਕਰੋ। | ਡਾ. ਵਿਜੈ ਕੁਮਾਰ (9779451214)<br><br>ਡਾ. ਸਤਨਾਮ ਸਿੰਘ (9876962774) |
| **ਕਮਾਦ/ਗੰਨਾਂ** | • ਹੜ੍ਹਾ ਦਾ ਪਾਣੀ ਘੱਟ ਜਾਣ ਤੋ ਬਾਅਦ, ਜੇ ਰੱਤਾ ਰੋਗ ਨਹੀ ਤਾ ਨਾਈਟ੍ਰੋਜਨ ਤੱਤ ਦੀ ਵਰਤੋ ਕਰ ਸਕਦੇ ਹਾ। | ਡਾ. ਗੁਲਜਾਰ ਸਿੰਘ 9872204523 |
| **ਸਬਜੀਆਂ** | • ਜਿੱਥੇ ਕਿਤੇ ਵੀ ਸੰਭਵ ਹੋਵੇ ਪਾਣੀ ਦਾ ਨਿਕਾਸ ਕਰ ਦਿੱਤਾ ਜਾਵੇ ਅਤੇ ਸਬਜੀਆਂ ਦੀਆਂ ਫ਼ਸਲਾਂ ਨੂੰ ਆਉਣ ਵਾਲੀਆਂ ਬਿਮਾਰੀਆਂ ਜਾਂ ਕੀੜਿਆਂ ਉੱਪਰ ਸਿਫਾਰਸ਼ ਕੀਤੀਆਂ ਸਪਰੇਆਂ ਦਾ ਛਿਡਕਾਅ ਲੋੜ ਅਨੁਸਾਰ ਕੀਤਾ ਜਾਵੇ। | ਡਾ. ਸੱਤਪਾਲ ਸ਼ਰਮਾਂ 99157-31974 |
| **ਫਲਾਂ ਦੇ ਬਾਗ** | • ਫਲਾਂ ਦੇ ਬੂਟਿਆਂ ਨੂੰ ਹੋਏ ਨੁਕਸਾਨ ਦੀ ਜਾਂਚ ਕਰੋ। ਜੜ੍ਹਾਂ ਦਾ ਉੱਖੜਨਾ, ਟਾਹਣੀਆਂ ਦਾ ਟੁੱਟਣਾ, ਤਣੇ ਦਾ ਝੁਕਣਾ ਜਾਂ ਜ਼ਿਆਦਾ ਮਿੱਟੀ/ਗਾਰਾ ਇਕੱਠਾ ਹੋਣਾ ਵੇਖੋ।<br>• ਬੂਟਿਆਂ ਦੇ ਆਲੇ ਦੁਆਲੇ ਇਕੱਠਾ ਹੋਇਆ ਮਲਬਾ, ਗਾਰਾ ਜਾਂ ਕੂੜਾ ਹਟਾਓ। ਇਸ ਨਾਲ ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਵ ਹੋਵੇਗਾ।<br>• ਟੁੱਟੀਆਂ, ਨੁਕਸਾਨੀਆਂ ਜਾਂ ਫਸੀਆਂ ਟਾਹਣੀਆਂ ਕੱਟੋ ਤਾਂ ਜੋ ਬਿਮਾਰੀ ਨਾ ਫੈਲੇ। ਸਿਹਤਮੰਦ ਟਾਹਣੀਆਂ ਦੀ ਭਾਰੀ ਕੱਟਾਈ ਤੋਂ ਬਚੋ ਕਿਉਂਕਿ ਇਸ ਨਾਲ ਬੂਟਾ ਹੋਰ ਤਣਾਅ 'ਚ ਆ ਸਕਦਾ ਹੈ।<br>• ਜੇ ਫਲਾਂ ਦੇ ਬੂਟਿਆਂ ਦੇ ਆਲੇ ਦੁਆਲੇ ਦੀ ਮਿੱਟੀ ਹੜ ਕਾਰਨ ਜਲ-ਥਲ ਜਾਂ ਸਖ਼ਤ ਹੋ ਜਾਵੇ ਤਾਂ ਨਿਕਾਸੀ ਨੂੰ ਮੁੜ ਠੀਕ ਕਰਨਾ ਬਹੁਤ ਜ਼ਰੂਰੀ ਹੈ। ਪਾਣੀ ਨੂੰ ਤੇਜ਼ੀ ਨਾਲ ਬਾਹਰ ਕੱਢਣ ਲਈ ਨਿਕਾਸੀ ਦੇ ਰਾਹ ਬਣਾਓ।<br>• ਜੇ ਜੜ੍ਹਾਂ ਦਾ ਖੇਤਰ ਲੰਮੇ ਸਮੇਂ ਤੱਕ ਪਾਣੀ ਨਾਲ ਭਰਿਆ ਰਹੇ ਤਾਂ ਨਿੰਬੂ ਜਾਤੀ ਦੇ ਹੋਰ ਫ਼ਲਦਾਰ ਬੂਟੇ ਜੜ੍ਹਾਂ ਦੇ ਸੜਨ ਅਤੇ ਹੋਰ ਸਮੱਸਿਆਵਾਂ ਨਾਲ ਪੀੜਤ ਹੋ ਸਕਦੇ ਹਨ ।<br>• ਹੜ ਦਾ ਪਾਣੀ ਮਿੱਟੀ ਵਿਚੋਂ ਪੋਸ਼ਕ ਤੱਤ ਲੈ ਜਾਂਦਾ ਹੈ। ਇਸਲਈ ਨਾਈਟ੍ਰੋਜਨ ਅਤੇ ਪੋਟੈਸ਼ੀਅਮ ਖਾਦਾਂ (ਸਿਫਾਰਸ਼ੀ ਮਾਤਰਾ ਤੋਂ 10-15% ਵੱਧ) ਦੇਣ ਬਾਰੇ ਵਿਚਾਰ ਕਰੋ। ਇਸ ਨਾਲ ਜ਼ਰੂਰੀ ਪੋਸ਼ਕ ਤੱਤ ਮੁੜ ਪੂਰੇ ਹੋਣਗੇ ਅਤੇ ਬੂਟਿਆਂ ਦੀ ਸੁਧਾਰ ਪ੍ਰਕਿਰਿਆ ਵਿੱਚ ਮਦਦ ਮਿਲੇਗੀ।<br>• ਹੜ ਨਾਲ ਪ੍ਰਭਾਵਿਤ ਫਲਾਂ ਦੇ ਬੂਟੇ ਕੀੜਿਆਂ ਅਤੇ ਬਿਮਾਰੀਆਂ ਲਈ ਹੋਰ ਜ਼ਿਆਦਾ ਸੰਵੇਦਨਸ਼ੀਲ ਹੋ ਸਕਦੇ ਹਨ।ਰੁੱਖਾਂ ਨੂੰ ਧਿਆਨ ਨਾਲ ਵੇਖਦੇ ਰਹੋ ਕਿ ਕੋਈ ਤਣਾਅ ਦੇ ਲੱਛਣ, ਅਸਧਾਰਣ ਕੀੜੇ ਜਾਂ ਬਿਮਾਰੀ ਦੇ ਨਿਸ਼ਾਨ ਤਾਂ ਨਹੀਂ ਹਨ। ਉੱਲੀ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਇੱਕ ਛਿੜਕਾਅ ਬੋਰਡੋ ਮਿਸ਼ਰਣ (2:2:250) ਜਾਂ ਕਾਪਰਆਕਸੀਕਲੋਰਾਈਡ (ਪਾਣੀ ਦੇ ਪ੍ਰਤੀ | ਡਾ. ਐਚ ਐਸ ਰਤਨਪਾਲ 7999777773 |

| | | |
|---|---|---|
| | ਲੀਟਰ 3 ਗ੍ਰਾਮ) ਦਾ ਕਰੋ।<br>• ਹੜ ਕਾਰਨ ਬਿਮਾਰੀਆਂ ਜਿਵੇਂ ਕਿ ਕਿੰਨੂ ਦੇ ਫ਼ਲ ਦਾ ਝੜਨਾ, ਅਮਰੂਦ ਵਿਚ ਐਂਥ੍ਰੈਕਨੋਜ਼, ਅਤੇ ਕਿੰਨੂ, ਨਾਸ਼ਪਤੀ ਅਤੇ ਪਪੀਤੇ ਵਿੱਚ ਜੜ੍ਹਾਂ ਦੇ ਸੜਨ ਦੀ ਸੰਭਾਵਨਾ ਹੁੰਦੀ ਹੈ। ਇਸੇ ਤਰ੍ਹਾਂ, ਕਿੰਨੂ, ਅਮਰੂਦ ਅਤੇ ਨਾਸ਼ਪਤੀ ਵਿੱਚ ਫਲ-ਮੱਖੀ, ਨਿੰਬੂਜਾਤੀ ਦਾ ਸੁਰੰਗੀ ਕੀੜਾ, ਆਦਿ ਵੀ ਵਧ ਸਕਦੇ ਹਨ। ਇਨ੍ਹਾਂ ਬਿਮਾਰੀਆਂ ਅਤੇ ਕੀੜਿਆਂ ਨੂੰ "ਫ਼ਲਾਂ ਦੀ ਕਾਸ਼ਤ ਲਈ ਸਿਫ਼ਾਰਸ਼ਾਂ" ਕਿਤਾਬ ਵਿੱਚ ਦਿੱਤੀਆਂ ਸਿਫਾਰਸ਼ਾਂ ਦੇ ਨਾਲ ਕਾਬੂ ਕੀਤਾ ਜਾ ਸਕਦਾ ਹੈ। | |
| ਖੁਰਾਕੀ ਤੱਤਾਂ ਦਾ ਪ੍ਰਬੰਧਨ | • **ਨਾਈਟ੍ਰੋਜਨ ਪ੍ਰਬੰਧਨ**: ਹੜ੍ਹਾ ਤੋ ਬਾਅਦ, ਨਾਈਟ੍ਰੋਜਨ ਤੱਤ ਦੀ ਘਾਟ ਕਰਕੇ ਫਸਲਾਂ ਅਕਸਰ ਪੀਲੀਆ ਪੈ ਜਾਦੀਆ ਹਨ। ਜਿਵੇ ਹੀ ਹੜ੍ਹਾ ਦਾ ਪਾਣੀ ਘੱਟ ਜਾਵੇ, ਫਸਲ ਦੀ ਸਥਿਤੀ ਠੀਕ ਹੋਣ ਤੱਕ 2% ਯੂਰੀਆ (100 ਲੀਟਰ ਪਾਣੀ ਵਿੱਚ 2 ਕਿੱਲੋ ਯੂਰੀਆ) ਦਾ ਪੱਤਿਆ ਤੇ ਛਿੜਕਾਅ ਕਰਨਾ ਚਾਹੀਦਾ ਹੈ। ਦੂਜੇ ਪਾਸੇ, ਹੜ੍ਹਾ ਕਰਕੇ ਫਾਸਫੋਰਸ ਅਤੇ ਪੋਟਾਸ਼ੀਅਮ ਤੱਤਾਂ ਦੀ ਘਾਟ ਇੰਨੀ ਜਲਦੀ ਨਹੀ ਆਉਦੀ ।<br>• **ਜਿੰਕ ਦੀ ਘਾਟ**: ਹੜ੍ਹਾ ਤੋ ਬਾਅਦ, ਜਿੰਕ ਦੀ ਘਾਟ ਅਕਸਰ ਖਾਰੀ ਅਤੇ ਜਲੋੜੀ ਮਿੱਟੀ ਵਿੱਚ ਦਿਖਾਈ ਦਿੰਦੀ ਹੈ। ਜਿੰਕ ਦੀ ਘਾਟ ਦੀਆ ਨਿਸ਼ਾਨੀਆਂ ਆਉਣ ਤੇ 0.5% ਜਿੰਕਸਲਫੇਟ (21%) ਜਾਂ 0.3% ਜਿੰਕਸਲਫੇਟ (33%) ਦੇ ਛਿੜਕਾਅ ਕਰੋ।<br>• **ਮਿੱਟੀ ਪਲਟਣਾ**: ਹੜ੍ਹਾ ਤੋ ਬਾਅਦ, ਮਿੱਟੀ ਦੀ ਸਤਿਹ ਸਖਤ ਹੋ ਜਾਂਦੀ ਹੈ ਜਿਸ ਕਰਕੇ ਪਾਣੀ ਜੀਰਦਾ ਨਹੀਂ, ਜੜ ਵਿੱਚ ਵਾਧਾ ਨਹੀ ਹੁੰਦਾ ਅਤੇ ਮਿੱਟੀ ਵਿੱਚ ਹਵਾ ਦੀ ਕਮੀ ਹੋ ਜਾਦੀ ਹੈ। ਮਿੱਟੀ ਦੀ ਸਖਤ ਸਤਿਹ ਨੂੰ ਤੋੜਨ ਲਈ ਤਾਂ ਜੋ ਤੱਤਾ ਦੀ ਪੂਰਤੀ ਹੋ ਸਕੇ ਮਿੱਟੀ ਨੂੰ ਪਲਟਣਾ ਲਾਜਮੀ ਹੈ।<br>• **ਖਾਰੇਪਣ ਦੀ ਜਾਂਚ**: ਹੜ੍ਹਾ ਤੋ ਬਾਅਦ,ਖਾਰੇਪਣ ਦਾ ਪਤਾ ਕਰਨ ਲਈ ਮਿੱਟੀ ਦੀ ਜਾਂਚ ਕਰਾਉ। ਵੈਸੇ ਦਰਿਆਈ ਹੜ੍ਹ ਖਾਰਾਪਣ ਨਹੀ ਵਧਾਉਦੇ, ਪਰ ਜੇਕਰ ਪਾਣੀ ਦੀ ਚਾਲਕਤਾ 4 ਮਿਲੀ ਮਹੋਸ/ਸੈਂਟੀਮੀਟਰ ਤੋ ਵੱਧ ਜਾਵੇ ਤਾਂ ਚੰਗੇ ਪਾਣੀ ਲਾਕੇ ਉਹਨੂੰ ਠੀਕ ਕੀਤਾ ਜਾ ਸਕਦਾ ਹੈ।<br>• **ਜੈਵਿਕ ਖਾਦਾਂ ਦੀ ਵਰਤੋ**: ਵਧੀਆ ਗਲੀ ਸੜੀ ਰੂੜੀ ਅਤੇ ਹੋਰ ਜੈਵਿਕ ਖਾਦਾਂ ਨੂੰ ਖੇਤ ਵਿੱਚ ਪਾਉ, ਜਿਸ ਨਾਲ ਮਿੱਟੀ ਦੀ ਸ਼ਿਹਤ ਠੀਕ ਹੋਵੇਗੀ | ਡਾ: ਗੋਬਿਦਰ ਸਿੰਘ (9501192500)<br><br>ਡਾ: ਵਿੱਕੀ ਸਿੰਘ (9814100244) |

## ਅ) ਅਚਨਚੇਤੀ ਫ਼ਸਲ ਯੋਜਨਾ ਬੰਦੀ (**Contingency crop Plan**)

| ਸਿਰਲੇਖ | ਅਚਨਚੇਤੀ ਫ਼ਸਲ ਯੋਜਨਾ ਬੰਦੀ (**Contingency crop Plan**) |
|---|---|
| **ਫ਼ਸਲਾਂ** | • ਜੇਕਰ ਸਾਉਣੀ ਦੀ ਫ਼ਸਲ ਬਿਲਕੁਲ ਖਰਾਬ ਹੋ ਗਈ ਹੋਵੇ ਤਾਂ ਤੋਰੀਆ ਦੀ ਕਿਸਮ ਟੀ ਐਲ 17 ਦੀ ਬਿਜਾਈ ਸਤੰਬਰ ਦੇ ਪਹਿਲੇ ਪੰਦਰਵਾੜੇ ਵਿਚ ਕੀਤੀ ਜਾ ਸਕਦੀ ਹੈ। ਇਸ ਦਾ ਔਸਤ ਝਾੜ 4-5 ਕੁਇੰਟਲ ਪ੍ਰਤੀ ਏਕੜ ਹੈ। (ਡਾ. ਗੁਰਪ੍ਰੀਤ ਕੋਰ: 98149-07951)<br>• ਇਸੇ ਤਰਾਂ ਮੱਕੀ, ਬਾਜਰਾ ਅਤੇ ਚ੍ਰਰੀ ਦੀਆਂ ਫ਼ਸਲਾਂ ਚਾਰੇ ਦੇ ਤੌਰ ਤੇ ਉਗਾਈਆਂ ਜਾ ਸਕਦੀਆਂ ਹਨ।।(ਡਾ. ਆਰ ਐਸ ਸੋਹੂ: 98767-43898)<br>• ਚਾਰੇ ਵਾਲੀਆਂ ਫ਼ਸਲਾਂ ਵਿਚੋਂ ਬਰਸੀਮ ਅਤੇ ਰਾਈਘਾਹ ਥੋੜਾ ਅਗੇਤਾ ਬੀਜਿਆ ਜਾ ਸਕਦਾ ਹੈ ਜਿਸਦਾ ਵੈਸੇ ਵੀ ਬਿਜਾਈ ਦਾ ਸਮਾਂ ਸਤੰਬਰ ਦੇ ਆਖਰੀ ਹਫ਼ਤੇ ਤੋਂ ਸ਼ੁਰੂ ਹੁੰਦਾ ਹੈ।(ਡਾ. ਆਰ ਐਸ ਸੋਹੂ: 98767-43898) |
| **ਸਬਜੀਆਂ** | ਅੱਧ ਸਤੰਬਰ ਤੋਂ ਆਖਰੀ ਸਤੰਬਰ ਤੱਕ ਲੱਗਣ ਵਾਲੀਆਂ ਸਬਜ਼ੀਆਂ ਹੇਠ ਲਿਖੀਆਂ ਹਨ।<br>• **ਗੋਭੀ**: ਅੱਧ ਸਤੰਬਰ ਤੋਂ ਅਖੀਰ ਸਤੰਬਰ ਤੱਕ ਗੋਭੀ ਦੀ ਮੁੱਖ ਸੀਜਨ ਦੀ ਕਿਸਮ ਪੰਜਾਬ ਮਘਰੀ ਨੂੰ ਬੀਜਿਆ ਜਾ ਸਕਦਾ ਹੈ। (ਡਾ.ਵਿਵੇਕ ਪਾਂਡੇ: 94531-06920)<br>• **ਬਰੋਕਲੀ**: ਬਰੋਕਲੀ ਦੀ ਕਿਸਮ ਪੰਜਾਬ ਬਰੋਕਲੀ 1 ਅਤੇ ਪਾਲਮ ਸਮਰਿੱਧੀ ਨੂੰ ਵੀ ਅੱਧ ਸਤੰਬਰ ਤੋਂ ਅਖੀਰ ਸਤੰਬਰ ਤੱਕ ਬੀਜਿਆ ਜਾ ਸਕਦਾ ਹੈ। (ਡਾ. ਰੂਮਾ ਦੇਵੀ: 98783-99555) |

| | |
|---|---|
| | • **ਮਟਰ:** ਅਗੇਤੇ ਮਟਰਾਂ ਦੀ ਕਿਸਮ ਮਟਰ ਅਗੇਤਾ 7 ਨੂੰ ਵੀ ਅਖੀਰ ਸਤੰਬਰ ਵਿੱਚ ਬੀਜਿਆ ਜਾ ਸਕਦਾ ਹੈ। (ਡਾ.ਰਜਿੰਦਰ ਕੁਮਾਰ ਢੱਲ: 82838-40078)<br>• **ਆਲੂ:** ਅਗੇਤੇ ਆਲੂ ਦੀਆਂ ਕਿਸਮਾਂ ਜਿਵੇਂ ਕਿ ਕੁਫਰੀ ਸੂਰੀਆ, ਕੁਫਰੀ ਪੁਖਰਾਜ ਨੂੰ ਅਖੀਰ ਸਤੰਬਰ ਵਿੱਚ ਬੀਜਿਆ ਜਾ ਸਕਦਾ ਹੈ। (ਡਾ. ਨਵਜੋਤ ਸਿੰਘ ਬਰਾੜ: 94666-13412)<br>• **ਜੜਾਂ ਵਾਲੀਆਂ ਸਬਜ਼ੀਆਂ:** ਜੜਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਗਾਜਰ, ਮੂਲੀ ਸਲਗਮ ਦੀਆਂ ਦੇਸੀ ਕਿਸਮਾਂ ਨੂੰ ਵੀ ਸਤੰਬਰ ਵਿੱਚ ਬੀਜਿਆ ਜਾ ਸਕਦਾ ਹੈ। (ਡਾ. ਰੂਮਾ ਦੇਵੀ:98783-99555)<br>• **ਪੱਤੇ ਵਾਲੀਆਂ ਸਬਜ਼ੀਆਂ:** ਪੱਤੇ ਵਾਲੀਆਂ ਸਬਜ਼ੀਆਂ ਜਿਵੇਂ ਕਿ ਪਾਲਕ ਨੂੰ ਵੀ ਸਤੰਬਰ ਦੇ ਵਿੱਚ ਬਿਜਾਈ ਕਰਕੇ ਇਸ ਦਾ ਵਧੀਆ ਉਤਪਾਦਨ ਕੀਤਾ ਜਾ ਸਕਦਾ ਹੈ। (ਡਾ. ਹੀਰਾ ਸਿੰਘ: 95016-01144) |